# ਧੀਓ ਦੱਬ ਕੇ ਹਮਲਾ ਮਾਰੋ

ਧੀਓ ਦੱਬ ਕੇ ਹਮਲਾ ਮਾਰੋ
ਡੁਬਦੀ ਦੁਨੀਆਂ ਤੁਸੀਂ ਸਵਾਰੋ
ਲੋੜ ਪਵੇ ਤਾਂ ਰਖੋ ਕੋਲੇ
ਆਪਣੇ ਬੂੜ੍ਹੇ ਮਾਪਿਆਂ ਨੂੰ
ਸ਼ਰਮ ਤਾਂ ਆਵੇ ਕਾਲੇ ਯੁਗ ਦੇ
ਸ਼ਰਵਣ ਪੁਤੁਰ ਕਾਕਿਆਂ ਨੂੰ

ਧੀਓ ਦੱਬ ਕੇ ਹਮਲਾ ਮਾਰੋ
ਡੁਬਦੀ ਦੁਨੀਆਂ ਤੁਸੀਂ ਸਵਾਰੋ
ਜੁੱਡੋ ਅੱਤੇ ਕਰਾਟੇ ਸਿਖੋ
ਜੇ ਕਰ ਡਰ ਕੇ ਨਹੀਂ ਰਹਿਣਾ
ਰੱਬ ਨੇ ਦਿੱਤੀ ਥੋਨੂੰ ਜਿੰਦਗੀ
ਜੀਂਦੇ ਮਰ ਕੇ ਨਹੀਂ ਰਹਿਣਾ

ਧੀਓ ਦੱਬ ਕੇ ਹਮਲਾ ਮਾਰੋ
ਡੁਬਦੀ ਦੁਨੀਆਂ ਤੁਸੀਂ ਸਵਾਰੋ
ਬੋਝ ਨਾਂ ਬਣਿਓ ਕਿਸੇ ਦੇ ਉੱਤੇ
ਕਰਿਓ ਖੂਬ ਪੜ੍ਹਾਈ ਨੂੰ
ਇਸ ਤੋਂ ਉੱਪਰ ਦਾਜ ਨਾਂ ਕੋਈ
ਦੇਵੋ ਸਮਝ ਜਵਾਈ ਨੂੰ

ਧੀਓ ਦੱਬ ਕੇ ਹਮਲਾ ਮਾਰੋ
ਡੁਬਦੀ ਦੁਨੀਆਂ ਤੁਸੀਂ ਸਵਾਰੋ
ਆਖੋ ਕਦੇ ਭਰੂਣ ਹੱਤਿਆ
ਅੱਜ ਤੋਂ ਹੋਵਣ ਨਹੀਂ ਦੇਣੀ
ਕੋਈ ਵੀ ਬੇਟੀ ਕੁਖ ਦੇ ਅੰਦਰ
ਅੱਜ ਤੋਂ ਰੋਵਣ ਨਹੀਂ ਦੇਣੀ

ਧੀਓ ਦੱਬ ਕੇ ਹਮਲਾ ਮਾਰੋ
ਡੁਬਦੀ ਦੁਨੀਆਂ ਤੁਸੀਂ ਸਵਾਰੋ
ਟੇਸਟ ਦੇਵਣ ਨਸ਼ਿਆਂ ਦਾ
ਮੁੰਡੇ ਪਹਿਲਾਂ ਸ਼ਾਦੀ ਤੋਂ
ਇਸੇ ਗਲ ਤੇ ਦੇਵੋ ਪਹਿਰਾ
ਬਚਣਾ ਜੇ ਬਰਬਾਦੀ ਤੋਂ